ਪੰਜਾਬੀ

INVICTUS

INSIGHT



# YOUNG ENTREPRENEUR OF THE YEAR CHALLENGE 2025

ਸਤਿ ਸ੍ਰੀ ਅਕਾਲ,

ਸਾਡੇ ਸਕੂਲ ਇਨਵਿਕਟਸ ਇੰਟਰਨੈਸ਼ਨਲ ਦੇ ਸਾਰੇ ਅਧਿਆਪਕ, ਵਿਦਿਆਰਥੀ ਅਤੇ ਹੋਰ ਸਟਾਫ ਤੁਹਾਡੇ ਸਾਰਿਆਂ ਦਾ ਸੁਆਗਤ ਸਾਲ ਦੇ ਸਭ ਤੋਂ ਵੱਡੇ ਐਂਟਰਪਰਿਨਿਊਰਸ਼ਿਪ ਚੈਲੈਂਜ ਵਿੱਚ ਕਰਨ ਲਈ ਬਹੁਤ ਉਤਸ਼ਾਹਤ ਹਨ।

ਸਕੂਲ ਦੇ ਬੋਰਡ ਮੈਂਬਰਾਂ ਵੱਲੋਂ ਇਨ੍ਹਾਂ ਨੂੰ ਇਨ੍ਹਾਂ ਦੇ ਕਰਤੱਬ ਸਮਝਾ ਦਿੱਤੇ ਗਏ ਹਨ।

ਇਨਵਿਕਟਸ ਦੀ ਪ੍ਰਬੰਧਕ ਟੀਮ **YEY** ਪ੍ਰਤੀਯੋਗਤਾ ਦੀ ਤਿਆਰੀ ਜੋਰਾਂ-ਸ਼ੋਰਾਂ ਨਾਲ ਕਰ ਰਹੀ ਹੈ।



ਪਿਛਲੇ ਦੋ ਸਾਲਾਂ ਦੀ ਸਫਲਤਾਪੂਰਕ ਨਤੀਜਿਆਂ ਤੋਂ ਬਾਅਦ ਸਾਡਾ ਉਦੇਸ਼ ਹੋਰ ਤਰੱਕੀ ਕਰਨਾ ਹੈ।

ਇਸ ਸਾਲ ਸਾਡੀਆਂ ਜ਼ਿੰਮੇਵਾਰੀਆਂ ਅਤੇ ਉਮੀਦਾਂ ਦੋਵਾਂ ਹੀ ਬਹੁਤ ਵਧ ਗਈਆਂ ਹਨ, ਕਿਉਂਕਿ ਅਸੀਂ **1000** ਤੋਂ ਵੀ ਵੱਧ ਭਾਗੀਦਾਰਾਂ ਦੀ ਮੇਜ਼ਬਾਨੀ ਕਰ ਰਹੇ ਹਾਂ।

ਭਾਗੀਦਾਰਾਂ ਅਤੇ ਪ੍ਰਬੰਧਕਾਂ ਦੀ ਟੀਮ ਵਿੱਚ ਨਿਕਟ ਸੰਪਰਕ ਬਣ ਚੁੱਕਾ ਹੈ।

ਅਕਸਰ ਸਕੂਲਾਂ ਦੇ ਵਿਦਿਆਰਥੀ ਕਾਲਜਾਂ/ਯੂਨੀਵਰਸਿਟੀਆਂ ਵੱਲੋਂ ਆਯੋਜਿਤ ਪ੍ਰਤੀਯੋਗਤਾਵਾਂ ਵਿੱਚ ਭਾਗ ਲੈਂਦੇ ਹਨ, ਪਰ ਇਸ ਵਾਰੀ UPES, PLAKSHA ਅਤੇ ATLAS ਵਰਗੀਆਂ ਪ੍ਰਸਿੱਧ ਯੂਨੀਵਰਸਿਟੀਆਂ ਦੇ ਵਿਦਿਆਰਥੀ YEY ਵਿੱਚ ਭਾਗ ਲੈ ਰਹੇ ਹਨ। ਸਾਡਾ ਸਕੂਲ "ਵਿਭਿੰਨਤਾ ਵਿੱਚ ਏਕਤਾ" ਵਿੱਚ ਵਿਸ਼ਵਾਸ ਰੱਖਦਾ ਹੈ।

PLAKSHA UNIVERSITY

ATLAS SKILLTECH UNIVERSITY

UPES UNIVERSITY OF THE FUTURE

# workshops

ਭਾਰਤ ਦੇ ਵੱਖ-ਵੱਖ ਹਿੱਸਿਆਂ ਤੋਂ ਸਕੂਲਾਂ ਦੇ ਭਾਗੀਦਾਰ ਆ ਰਹੇ ਹਨ, ਜਿਵੇਂ:

- **ਕੋਲਕਾਤਾ**

  **Sushila Birla**

- **ਜੈਪੁਰ**

  **Neerja Modi**

- **ਭੋਪਾਲ**

  **Sanskar Valley**

- **ਵਡੋਦਰਾ**

  **Navrachana International**

- **ਸਿਲਿਗੁੜੀ**

  **Birla Divyajyoti**

- **ਕਟਕ**

  **Sai International**

# ਮੁਖ ਮਹਿਮਾਨ 2025

ਜਿਵੇਂ ਕਿ ਸਾਨੂੰ ਪਤਾ ਹੈ ਕਿ YEY ਕਾਰੋਬਾਰ ਅਤੇ ਉੱਦਮ ਬਾਰੇ ਹੈ, ਤਾਂ ਇੱਕ ਸਫਲ ਉਦਯੋਗਪਤੀ ਦਾ ਇਸ ਪ੍ਰਤੀਯੋਗਤਾ ਵਿੱਚ ਹੋਣਾ ਸੋਨੇ ’ਤੇ ਸੁਹਾਗਾ ਹੋਵੇਗਾ।

ਇਸ ਲਈ Mr. Ankur Warikoo ਨੂੰ ਮੁੱਖ ਮਹਿਮਾਨ ਵਜੋਂ ਇਨਵਿਕਟਸ ਇੰਟਰਨੈਸ਼ਨਲ ਸਕੂਲ ਵੱਲੋਂ ਸੱਦਾ ਦਿੱਤਾ ਗਿਆ ਹੈ। ਇੱਕ ਵਾਰ ਫਿਰ, ਸਾਰਾ ਇਨਵਿਕਟਸ ਇੰਟਰਨੈਸ਼ਨਲ ਸਕੂਲ ਪਰਿਵਾਰ ਤੁਹਾਨੂੰ ਸਾਰਿਆਂ ਨੂੰ ਖੁੱਲ੍ਹੇ ਦਿਲੋਂ ਸੱਦਾ ਦਿੰਦਾ ਹੈ।



ਸਖ਼ਤ ਦਿਮਾਗੀ ਮਿਹਨਤ ਅਤੇ ਲੰਮੀ ਸਿੱਖਿਆ ਤੋਂ ਬਾਅਦ ਭਾਗੀਦਾਰਾਂ ਨੂੰ ਮਨੋਰੰਜਨ ਦੀ ਲੋੜ ਹੋਵੇਗੀ ਤਾਂ ਜੋ ਉਹ ਬਚੀ ਹੋਈ ਪ੍ਰਤੀਯੋਗਤਾ ਵਿੱਚ ਆਪਣੀ ਪੂਰੀ ਸਮਰਥਾ ਨਾਲ ਭਾਗ ਲੈ ਸਕਣ ਅਤੇ ਜਿੱਤ ਦੇ ਨੇੜੇ ਪਹੁੰਚ ਸਕਣ।
ਇਸ ਲਈ ਸਾਡੇ ਸਕੂਲ ਦੇ ਵਿਦਿਆਰਥੀ ਸੰਗੀਤ ਅਤੇ ਨਾਚ ਦੇ ਪ੍ਰਦਰਸ਼ਨ ਤਿਆਰ ਕਰ ਰਹੇ ਹਨ।
ਭਾਗੀਦਾਰਾਂ ਨੂੰ ਵੀ ਆਪਣੀ ਪ੍ਰਤਿਭਾ ਦਿਖਾਉਣ ਦਾ ਮੌਕਾ ਮਿਲੇਗਾ, ਜਿਸ ਲਈ ਸਾਡੇ ਸਕੂਲ ਨੇ Talent Show ਆਯੋਜਿਤ ਕੀਤਾ ਹੈ।



ਇਨਵਿਕਟਸ ਪਰਿਵਾਰ ਤੁਹਾਡਾ ਖੁੱਲ੍ਹੇ ਦਿਲੋਂ ਸਵਾਗਤ ਕਰਦਾ ਹੈ।
ਅਸੀਂ ਤੁਹਾਡੀ ਮੇਜ਼ਬਾਨੀ ਲਈ ਉਤਸ਼ਾਹਤ ਹਾਂ
ਅਤੇ ਯਕੀਨ ਦਿਲਾਉਂਦੇ ਹਾਂ ਕਿ ਤੁਸੀਂ ਯਾਦਗਾਰ ਅਨੁਭਵ ਲੈ ਕੇ ਜਾਵੋਗੇ।

# CONTENT

writers



Gurparnit Kaur Bhullar



Hasrat Kaur Chinna



Kohinoorpreet Kaur



Anmol Narang

# DESIGN

curators



Gunreet Grover



Reeva Chopra